THE PUNJAB STATE BOARD OF TECHNICAL EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ/ਪੀ.ਐਸ.ਬੀ.ਟੀ/ਆਈ.ਟੀ.ਆਈ/2017/ 1137 ਯਾਦ ਪੱਤਰ ਮਿਤੀ: 23.5.17

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ ਅਤੇ ਪ੍ਰਾਈਵੇਟ ਆਈ.ਟੀ.ਆਈ ਸੰਸਥਾਵਾਂ (ਐਨ.ਸੀ.ਵੀ.ਟੀ ਸਕੀਮ ਅਧੀਨ)
ਪੰਜਾਬ ਰਾਜ ਅਧੀਨ।

ਵਿਸ਼ਾ: **Final Call for issuance of pending legacy NTC's through NCVT MIS- portal.**

ਹਵਾਲਾ: ਬੋਰਡ ਦਫਤਰ ਦੇ ਪੱਤਰ ਨੰ: 30 ਮਿਤੀ 09-01-2017 ਅਤੇ ਪੱਤਰ ਨੰ: 221 ਮਿਤੀ 27-02-2017 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਬੋਰਡ ਦਫਤਰ ਦੇ ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਜੀ ਤੋਂ ਪੈਡਿੰਗ ਐਨ.ਟੀ.ਸੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਡਾਟਾ ਦੀ ਮੰਗ ਕੀਤੀ ਗਈ ਸੀ ਪਰ ਇਹ ਦੇਖਣ ਵਿੱਚ ਆਇਆ ਹੈ ਕਿ ਕੁਝ ਆਈ.ਟੀ.ਆਈ ਸੰਸਥਾਵਾਂ ਦੁਆਰਾ ਅਜੇ ਤੱਕ ਵੀ ਨਿਰਧਾਰ ਫਾਰਮੇਟ ਅਨੁਸਾਰ ਡਾਟਾ (ਰਜਿਸਟ੍ਰੇਸ਼ਨ ਨੰਬਰਾਂ ਸਮੇਤ) ਨਹੀਂ ਭੇਜਿਆ ਗਿਆ ਹੈ।

ਇਸ ਪੱਤਰ ਰਾਹੀਂ ਆਪ ਜੀ ਨੂੰ ਆਖਿਰੀ ਵਾਰ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਹਵਾਲਾ ਜਿਕਰ ਪੱਤਰ ਅਨੁਸਾਰ ਲੋੜੀਂਦਾ ਡਾਟਾ ਮਿਤੀ 25-05-2017 ਸ਼ਾਮ 5 ਵਜੇ ਤੱਕ ਨਿਰਧਾਰਿਤ ਫਾਰਮੇਟ ਵਿੱਚ ਭਰ ਕੇ ਬੋਰਡ ਦਫਤਰ ਦੇ ਈਮੇਲ ਅਡਰੈਸ aceitipb@gmail.com ਤੇ ਹਰ ਹਾਲਤ ਵਿਚ ਭੇਜਣਾ (ਮੰਗ ਅਨੁਸਾਰ ਲੋੜੀਂਦੀ Undertaking ਸਮੇਤ) ਯਕੀਨੀ ਬਣਾਇਆ ਜਾਵੇ। ਜੇਕਰ ਨਿਰਧਾਰਿਤ ਮਿਤੀ ਤੱਕ ਡਾਟਾ ਬੋਰਡ ਦਫਤਰ ਵਿਖੇ ਪ੍ਰਾਪਤ ਨਹੀਂ ਹੁੰਦਾ ਹੈ ਜਾਂ ਨਿਰਧਾਰਿਤ ਮਿਤੀ ਤੋਂ ਬਾਅਦ ਕੋਈ ਕੇਸ ਪ੍ਰਾਪਤ ਹੁੰਦਾ ਹੈ ਤਾਂ ਉਸ ਕੇਸ ਨੂੰ ਬੋਰਡ ਦਫਤਰ ਵਲੋਂ ਵਿਚਾਰਿਆ ਨਹੀਂ ਜਾਵੇਗਾ ਅਤੇ ਸਰਟੀਫਿਕੇਟ ਨਾਂ ਜਾਰੀ ਹੋਣ ਦੀ ਸੂਰਤ ਵਿੱਚ ਪੂਰਨ ਜ਼ਿੰਮੇਵਾਰੀ ਸਬੰਧਤ ਸੰਸਥਾ ਦੇ ਮੁਖੀ ਦੀ ਹੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਅਤੇ ਯੋਗ ਕਾਰਵਾਈ ਪਹਿਲ ਦੇ ਆਧਾਰ ਤੇ ਕੀਤੀ ਜਾਵੇ ਜੀ ।

ਨੋਟ: ਜਿੰਨ੍ਹਾਂ ਸੰਸਥਾਵਾਂ ਦੁਆਰਾ ਪਹਿਲਾਂ ਮੰਗ ਅਨੁਸਾਰ ਡਾਟਾ ਭੇਜਿਆ ਜਾ ਚੁੱਕਾ ਹੈ, ਉਹਨਾਂ ਦੁਆਰਾ ਇਸ ਪੱਤਰ ਤੇ ਕਾਰਵਾਈ ਨਾ ਕੀਤੀ ਜਾਵੇ। ਜਿਹਨਾਂ ਵਿਦਿਆਰਥੀਆਂ ਦਾ ਡਾਟਾ (ਰਜਿਸਟ੍ਰੇਸ਼ਨ ਸਮੇਤ) ਬੋਰਡ ਦਫਤਰ ਵਿਚ ਪ੍ਰਾਪਤ ਹੋਇਆ ਹੈ, ਉਹ ਨਥੀ ਲਿੰਕ ਵਿਚ ਜਾਣਕਾਰੀ/ ਯੋਗ ਕਾਰਵਾਈ ਹਿਤ ਦੇਖਿਆ ਜਾ ਸਕਦਾ ਹੈ।

ਨੱਥੀ:- ਉਪਰੋਕਤ ਅਨੁਸਾਰ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ /ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ ਸਕੱਤਰ
2. ਸੀਸਟਮ ਐਡਮਿਨਸਟਰੇਟਰ
3. ਐਡਮਿਨ ਸ਼ਾਖਾ

Sd. ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ